2026 34458
24/2/2026

ਗ-6

ਪੰਜਾਬੀ ਯੂਨੀਵਰਸਿਟੀ, ਪਟਿਆਲਾ (1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

# ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ
# YADAVINDRA DEPARTMENT OF ENGINEERING

ਪੰਜਾਬੀ ਯੂਨੀਵਰਸਿਟੀ, ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)–151302 (ਪੰਜਾਬ)
Punjabi University, Guru Kashi Campus Damdama Sahib, Talwandi Sabo (Bathinda)-151302 (Punjab)

PUNJABI UNIVERSITY PATIALA

Ref. No. 38299/YDoE
Dated 23-2-2026

ਮੁਖੀ (Head)

ਜਿਲ੍ਹਾ ਸਿੱਖਿਆ ਅਫ਼ਸਰ
ਬਠਿੰਡਾ।

ਸ੍ਰੀਮਾਨ ਜੀ,

ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਅਤੇ ਯਾਦਵਿੰਦਰਾ ਸਾਇੰਸਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ, ਤਲਵੰਡੀ ਸਾਬੋ ਵੱਲੋਂ 9ਵੀਂ ਜੂਨੀਅਰ ਸਾਇੰਸਜ਼ ਸਟਾਰ ਪ੍ਰਤਿਯੋਗਤਾ-2026 ਕਰਵਾਈ ਜਾ ਰਹੀ ਹੈ। ਇਹ ਪ੍ਰਤਿਯੋਗਤਾ 27.02.2026 ਨੂੰ ਕਰਵਾਈ ਜਾ ਰਹੀ ਹੈ। ਇਸ ਪ੍ਰਤਿਯੋਗਤਾ ਵਿੱਚ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਇਨਾਮ ਵੀ ਦਿੱਤੇ ਜਾਣੇ ਹਨ। ਇਸ ਪ੍ਰਤਿਯੋਗਤਾ ਵਿੱਚ ਭਾਗ ਲੈਣ ਲਈ ਪੇਂਡੂ ਏਰੀਏ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾਵੇ। ਇਸ ਪ੍ਰਤਿਯੋਗਤਾ ਲਈ ਰਜਿਸਟ੍ਰੇਸ਼ਨ ਕਰਨ ਲਈ ਹੇਠਾਂ ਦਿੱਤੇ Google Form Link ਤੇ ਕਲਿੱਕ ਕੀਤਾ ਜਾ ਸਕਦਾ ਹੈ ਜਾਂ ਕਿਊ ਆਰ ਕੋਡ ਰਾਹੀਂ ਵੀ ਰਜਿਸਟਰਡ ਕੀਤਾ ਜਾ ਸਕਦਾ ਹੈ। ਆਪ ਜੀ ਨੂੰ ਬੇਨਤੀ ਹੈ ਕਿ ਇਹ ਪੱਤਰ ਈ.ਮੇਲ ਰਾਹੀਂ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨਾਂ ਨੂੰ ਭੇਜਣ ਦੀ ਖੇਚਲ ਕਰਨੀ ਜੀ।

(Signature)
ਮੁਖੀ

https://forms.gle/9LBBaqQEySq2HQrEA

SCAN ME

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਗ-6/2026/ 607 ਮਿਤੀ 25/02/26

ਉਪਰੋਕਤ ਅਨੁਸਾਰ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਾਇੰਸ ਸਟਾਰ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਰਜਿਸਟ੍ਰੇਸ਼ਨ ਕਰਵਾਈ ਜਾਵੇ।

(Signature) 25/02/26
ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ

PTO 25/02/26

JSS-2026 (1).pdf

Open with Google Docs

**ਪ੍ਰਤੀਯੋਗਿਤਾ ਵਿੱਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ।**

- ਪ੍ਰਤੀਯੋਗਤਾ ਦਾ ਸਮਾ 90 ਮਿੰਟ
- ਪ੍ਰਤੀਯੋਗੀ ਆਪਣਾ ਪੈਨ, ਪੈਨਸਲ ਆਦਿ ਨਾਲ ਲੈ ਕੇ ਆਉਣ
- ਪ੍ਰਤੀਯੋਗੀ ਆਪਣੇ ਸਕੂਲ ਦਾ ਸ਼ਨਾਖਤੀ ਕਾਰਡ ਨਾਲ ਜਰੂਰ ਲੈ ਕੇ ਆਉਣ।

**ਮੁਫਤ ਰਜਿਸਟ੍ਰੇਸ਼ਨ**

ਰਜਿਸਟ੍ਰੇਸ਼ਨ ਹੇਠ ਲਿਖੇ ਗੂਗਲ ਲਿੰਕ ਤੇ ਕੀਤੀ ਜਾ ਸਕਦੀ ਹੈ
https://forms.gle/9LBBaqQEySq2HQrEA
ਮਿਤੀ 25 ਫਰਵਰੀ 2026 ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਨਹੀਂ ਕੀਤੀ ਜਾਵੇਗੀ।

**81468-00408, 94656-11129, 98724-50060, 95014-88933**

# ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ

ਰਾਮਾਂ ਮੰਡੀ ਰੋਡ, ਦਮਦਮਾ ਸਾਹਿਬ (ਤਲਵੰਡੀ ਸਾਬੋ)-151302, ਬਠਿੰਡਾ

A+ NAAC

**ਕੇਵਲ ਪੇਂਡੂ ਖੇਤਰ ਦੇ ਜਨਰਲ ਅਤੇ ਰਾਖਵੀਆਂ ਸ਼੍ਰੇਣੀਆਂ ਦੇ 10ਵੀਂ ਅਤੇ 12ਵੀਂ (ਨਾਨ ਮੈਡੀਕਲ) ਪਾਸ ਹੋਣਹਾਰ ਵਿਦਿਆਰਥੀਆਂ ਲਈ ਗੋਲਡਨ-ਹਾਰਟਸ ਸਕਾਲਰਸ਼ਿਪ ਸਕੀਮ ਅਧੀਨ ਦਾਖਲਾ ਸ਼ੁਰੂ**

## (ਸੈਸ਼ਨ 2026-27)

**ਯਾਦਵਿੰਦਰਾ ਸਾਇੰਸਿਜ਼ ਵਿਭਾਗ *** | **ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ****

1. ਬੀ.ਟੈਕ 6 ਸਾਲਾ (2+4) ਇੰਟੀਗਰੇਟਿਡ ਕੋਰਸ
   - ਕੰਪਿਊਟਰ ਸਾਇੰਸ ਇੰਜੀ. • ਇਲੈਕਟ੍ਰੋਨਿਕਸ ਐਂਡ ਕੰਮਿਊਨੀਕੇਸ਼ਨ ਇੰਜੀ. • ਮਕੈਨੀਕਲ ਇੰਜੀਨੀਅਰਿੰਗ (Minor Degree in CSE)
   - ਮੋਡਿਊਲ-1* : 10+1 ਅਤੇ 10+2 (ਨਾਨ-ਮੈਡੀਕਲ) • ਮੋਡਿਊਲ-2** : ਬੀ.ਟੈਕ 4 ਸਾਲਾ ਕੋਰਸ
2. ਬੀ.ਟੈਕ 6 ਸਾਲਾ (3+3) ਇੰਟੀਗਰੇਟਿਡ ਕੋਰਸ
   - ਕੰਪਿਊਟਰ ਸਾਇੰਸ ਇੰਜੀ. • ਇਲੈਕਟ੍ਰੋਨਿਕਸ ਐਂਡ ਕੰਮਿਊਨੀਕੇਸ਼ਨ ਇੰਜੀ. • ਮਕੈਨੀਕਲ ਇੰਜੀਨੀਅਰਿੰਗ (Minor Degree in CSE)

   ਮੋਡਿਊਲ-1** : ਡਿਪਲੋਮਾ ਇੰਨ ਇੰਜੀਨੀਅਰਿੰਗ - 3 ਸਾਲਾ ਕੋਰਸ
   ਮੋਡਿਊਲ-2** : ਬੀ.ਟੈਕ 4 ਸਾਲਾ ਕੋਰਸ (ਦੂਜੇ ਸਾਲ ਵਿੱਚ ਸਿੱਧੀ ਐਂਟਰੀ)
3. ਬੀ.ਟੈਕ 4 ਸਾਲਾ ਕੋਰਸ **
   - ਕੰਪਿਊਟਰ ਸਾਇੰਸ ਇੰਜੀ. • ਇਲੈਕਟ੍ਰੋਨਿਕਸ ਐਂਡ ਕੰਮਿਊਨੀਕੇਸ਼ਨ ਇੰਜੀ. • ਮਕੈਨੀਕਲ ਇੰਜੀਨੀਅਰਿੰਗ (Minor Degree in CSE)

**ਯੋਗਤਾ 10ਵੀਂ/12ਵੀਂ ਨਾਨ ਮੈਡੀਕਲ ਪਾਸ**

**ਕੇਵਲ ਉਹੀ ਵਿਦਿਆਰਥੀ ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਇਹਨਾਂ ਕੋਰਸਾਂ ਵਿੱਚ ਦਾਖਲੇ ਲਈ ਯੋਗ (Eligible) ਹੋਣਗੇ:-**

- ਵਿਦਿਆਰਥੀ ਨੇ ਦਸਵੀਂ ਦੀ ਪ੍ਰੀਖਿਆ ਘੱਟੋ-ਘੱਟ 55% ਅੰਕਾਂ ਨਾਲ ਪਾਸ ਕੀਤੀ ਹੋਵੇ, SC/ST ਕੈਟਾਗਰੀ ਦੇ ਵਿਦਿਆਰਥੀਆਂ ਲਈ 50% ਅੰਕ ਜਰੂਰੀ ਹਨ। ਦਾਖਲਾ ਅੰਗਰੇਜ਼ੀ, ਸਾਇੰਸ ਅਤੇ ਗਣਿਤ ਦੀ ਔਸਤਨ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।
- ਵਿਦਿਆਰਥੀ ਨੇ ਪੰਜਵੀਂ ਕਲਾਸ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਅਤੇ ਛੇਵੀਂ ਤੋਂ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਐਫੀਲੀਏਟਿਡ/ਮਾਨਤਾ ਪ੍ਰਾਪਤ ਸਕੂਲ ਤੋਂ ਕੀਤੀ ਹੋਣੀ ਚਾਹੀਦੀ ਹੈ ਜੋ ਕਿ ਕਿਸੇ ਤਰ੍ਹਾਂ ਮਿਊਂਸੀਪਲ ਕਮੇਟੀ/ਮਿਊਂਸੀਪਲ ਕਾਰਪੋਰੇਸ਼ਨ/ਛੋਟਾ ਕਸਬਾ/ਨੋਟੀਫਾਈਡ ਏਰੀਆ ਦੇ ਅਧਿਕਾਰ ਖੇਤਰ ਵਿੱਚ ਨਾ ਆਉਂਦਾ ਹੋਵੇ।
- ਵਿਦਿਆਰਥੀ ਨੇ ਜਿਸ ਸਕੂਲ (ਾਂ) ਤੋਂ ਛੇਵੀਂ ਤੋਂ ਦਸਵੀਂ ਤੱਕ ਦੀਆਂ ਜਮਾਤਾਂ ਪਾਸ ਕੀਤੀਆਂ ਹੋਣ, ਉਸ/ਉਹਨਾਂ ਸਕੂਲਾਂ ਦੀ ਸਲਾਨਾ ਫੀਸ ਅਤੇ ਹੋਰ ਚਾਰਜਿਜ਼ ਕਿਸੇ ਵੀ ਸੂਰਤ ਵਿੱਚ 1200/- ਰੁਪਏ ਤੋਂ ਵੱਧ ਨਾ ਹੋਣ।
- ਵਿਦਿਆਰਥੀ ਦੀ ਪ੍ਰੀਵਾਰਿਕ (ਮਾਤਾ/ਪਿਤਾ, ਦਾਦਾ/ਦਾਦੀ, ਜੇਕਰ ਨਾਲ ਰਹਿੰਦੇ ਹੋਣ) ਸਲਾਨਾ ਆਮਦਨ 3,00,000/- ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ।
- ਵਿਦਿਆਰਥੀ ਅਤੇ ਉਸਦੇ ਮਾਪੇ ਅਜਿਹੇ ਪਿੰਡ ਦੇ ਪੱਕੇ ਵਸਨੀਕ ਹੋਣ ਜੋ ਕਿ ਕਿਸੇ ਤਰ੍ਹਾਂ ਮਿਊਂਸੀਪਲ ਕਮੇਟੀ/ਮਿਊਂਸੀਪਲ ਕਾਰਪੋਰੇਸ਼ਨ/ਛੋਟਾ ਕਸਬਾ/ਨੋਟੀਫਾਈਡ ਏਰੀਆ ਦੇ ਅਧਿਕਾਰ ਖੇਤਰ ਵਿੱਚ ਨਾ ਆਉਂਦਾ ਹੋਵੇ।
- ਆਦਰਸ਼ ਸਕੂਲ, ਮਾਡਲ ਸਕੂਲ ਜਾਂ ਜਵਾਹਰ ਨਵੋਦਿਆ ਵਿਦਿਆਲਿਆ ਦੇ ਵਿਦਿਆਰਥੀ ਜੋ ਕਿ ਉਪਰੋਕਤ ਸ਼ਰਤਾਂ ਪੂਰੀਆਂ ਕਰਦੇ ਹੋਣ ਵੀ ਦਾਖਲਾ ਲੈਣ ਦੇ ਯੋਗ ਹੋਣਗੇ।
- ਜੇਕਰ ਕੋਈ ਵੀ ਸੀਟ ਗੋਲਡਨ ਹਾਰਟਸ ਸਕਾਲਰਸ਼ਿਪ ਅਧੀਨ ਖਾਲੀ ਰਹਿ ਜਾਂਦੀ ਹੈ ਤਾਂ ਉਹ ਸ਼ਹਿਰੀ/ਪੇਂਡੂ ਖੇਤਰ ਦੇ ਵਿਦਿਆਰਥੀ ਜੋ ਉਪਰੋਕਤ ਸ਼ਰਤਾਂ ਪੂਰੀਆਂ ਨਹੀਂ ਕਰਦੇ, 10+1 ਅਤੇ 10+2 ਦੀ 12600/- ਪ੍ਰਤੀ ਸਾਲ ਫੀਸ ਭਰ ਕੇ ਦਾਖਲਾ ਲੈ ਸਕਦੇ ਹਨ।
- ਇਸ ਤੋਂ ਇਲਾਵਾ ਜਿੰਨਾਂ ਵਿਦਿਆਰਥੀਆਂ ਨੇ 12ਵੀਂ ਨਾਨ-ਮੈਡੀਕਲ ਸਰਕਾਰੀ ਸਕੂਲ, ਮੈਰੀਟੋਰਿਅਸ ਸਕੂਲ, ਸਕੂਲ ਆਫ ਐਮੀਨੈਂਸ, ਆਦਰਸ਼ ਸਕੂਲ, ਮਾਡਲ ਸਕੂਲ ਜਾਂ ਜਵਾਹਰ ਨਵੋਦਿਆ ਸਕੂਲ ਤੋਂ ਪਾਸ ਕੀਤੀ ਹੋਵੇ, ਉਹ ਵਿਦਿਆਰਥੀ ਹੀ 4 ਸਾਲਾ ਬੀ.ਟੈਕ. ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

**ਦਾਖਲਾ ਫਾਰਮ ਵਿਭਾਗ ਦੀ ਵੈਬਸਾਈਟ (www.ycoe.ac.in/admission, www.pugkc.ac.in) ਤੋਂ ਡਾਊਨ ਲੋਡ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ/12ਵੀਂ ਦੇ ਨਤੀਜੇ ਘੋਸ਼ਿਤ ਹੋਣ ਦੀ ਮਿਤੀ ਤੋਂ ਬਾਅਦ 5 ਦਿਨਾਂ ਵਿੱਚ ਵਿਭਾਗ ਵਿਖੇ ਜਮ੍ਹਾਂ ਕਰਵਾਇਆ ਜਾ ਸਕਦਾ ਹੈ।**


ਦਾਖਲੇ ਸਬੰਧੀ ਹੋਰ ਜਾਣਕਾਰੀ ਲਈ ਸੰਪਰਕ ਕਰੋ:

**98724-50060, 95014-88933, 62399-55011, 94156-11129**

# ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ

ਰਾਮਾਂ ਮੰਡੀ ਰੋਡ, ਦਮਦਮਾ ਸਾਹਿਬ (ਤਲਵੰਡੀ ਸਾਬੋ)-151302, ਬਠਿੰਡਾ

# ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ
ਅਤੇ
# ਯਾਦਵਿੰਦਰਾ ਸਾਇੰਸਿਜ਼ ਵਿਭਾਗ



## ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਿਤਾ

**27 ਫਰਵਰੀ 2026 ਸ਼ੁੱਕਰਵਾਰ** (ਸਮਾਂ 10.30 ਵਜੇ ਸਵੇਰੇ)

**ਪੰਜਾਬੀ ਯੂਨੀਵਰਸਿਟੀ ਨੌਵੀਂ ਜੂਨੀਅਰ ਸਾਇੰਸ ਸਟਾਰ ਇਨਾਮੀ ਪ੍ਰਤੀਯੋਗਿਤਾ 2026**
(ਕੇਵਲ ਪੇਂਡੂ ਸਕੂਲਾਂ ਦੇ ਦਸਵੀਂ ਦੇ ਵਿਦਿਆਰਥੀਆਂ ਲਈ)

ਪਹਿਲਾ ਇਨਾਮ 5000/- | ਦੂਜਾ ਇਨਾਮ 3000/- | ਤੀਜਾ ਇਨਾਮ 2000/-

ਸਿਲੇਬਸ 10ਵੀਂ ਕਲਾਸ ਦੇ ਪੱਧਰ ਦੀ ਅੰਗਰੇਜ਼ੀ, ਗਣਿਤ, ਸਾਇੰਸ ਅਤੇ ਆਮ ਗਿਆਨ

ਪਹਿਲੀਆਂ 20 ਪੁਜ਼ੀਸ਼ਨਾਂ ਨੂੰ ਨਗਦ ਇਨਾਮ ਦਿੱਤਾ ਜਾਵੇਗਾ।

ਪ੍ਰਤੀਯੋਗਿਤਾ ਵਿੱਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ।

ਹਦਾਇਤਾਂ :
- M.C.Q. ਪ੍ਰਸ਼ਨ ਉੱਤਰ (90x1=90 ਅੰਕ) (Negative Marking ਨਹੀਂ ਹੈ)
- ਪ੍ਰਤੀਯੋਗਿਤਾ ਦਾ ਸਮਾਂ 90 ਮਿੰਟ
- ਪ੍ਰਤੀਯੋਗੀ ਆਪਣਾ ਪੈਨ, ਪੈਨਸਲ ਆਦਿ ਨਾਲ ਲੈ ਕੇ ਆਉਣ
- ਪ੍ਰਤੀਯੋਗੀ ਆਪਣੇ ਸਕੂਲ ਦਾ ਸ਼ਨਾਖਤੀ ਕਾਰਡ ਨਾਲ ਜਰੂਰ ਲੈ ਕੇ ਆਉਣ।

**ਮੁਫਤ ਰਜਿਸਟ੍ਰੇਸ਼ਨ**

ਰਜਿਸਟ੍ਰੇਸ਼ਨ ਹੇਠ ਲਿਖੇ ਗੂਗਲ ਲਿੰਕ ਤੇ ਕੀਤੀ ਜਾ ਸਕਦੀ ਹੈ
https://forms.gle/9LBBaqQEySq2HQrEA
ਮਿਤੀ 25 ਫਰਵਰੀ 2026 ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਨਹੀਂ ਕੀਤੀ ਜਾਵੇਗੀ।

**81468-00408, 94656-11129, 98724-50060, 95014-88933**